# ਸੱਤ ਪੂਛਾਂ ਵਾਲਾ ਚੂਹਾ

ਇੱਕ ਪਿੰਡ ਵਿੱਚ ਇੱਕ ਚੂਹਿਆਂ ਦਾ ਜੋੜਾ ਰਹਿੰਦਾ ਸੀ।ਇੱਕ ਦਿਨ ਚੂਹੇ ਦੀ ਪਤਨੀ ਨੇ ਇੱਕ ਚੂਹੇ ਨੂੰ ਜਨਮ ਦਿੱਤਾ ਜਿਸ ਦੀਆਂ ਸੱਤ ਪੂਛਾਂ ਸਨ। ਜਦੋਂ ਉਹ ਵੱਡਾ ਹੋਇਆ ਤਾਂ ਉਸਨੂੰ ਸਕੂਲ ਦਾਖਲ ਕਰਵਾਇਆ ਗਿਆ। ਸਕੂਲ ਵਿੱਚ ਉਸਦੇ ਸਹਿਪਾਠੀ ਉਸਦਾ ਖੂਬ ਮਜਾਕ ਉਡਾਉਂਦੇ ਤੇ ਕਹਿੰਦੇ ਕਿ ਇਹ ਹੈ, ਸੱਤ ਪੂਛਾਂ ਵਾਲਾ ਚੂਹਾ। ਉਹ ਘਰ ਵਾਪਿਸ ਆ ਕਿ ਆਪਣੀ ਮਾਂ ਕੋਲ ਸ਼ਿਕਾਇਤ ਕਰਨ ਲੱਗਾ। ਕਿ ਮਾਂ ਸਾਰੇ ਚੂਹੇ ਮੇਰੀਆਂ ੭ ਪੂਛਾਂ ਕਰਕੇ ਮੇਰਾ ਮਜ਼ਾਕ ਉਡਾਉਂਦੇ ਹਨ। ਇਸ ਲਈ ਮਾਂ ਉਸਨੂੰ ਇੱਕ ਦਰਜ਼ੀ ਕੋਲ ਲੈ ਗਈ ਤੇ ਬੋਲੀ ਕ੍ਰਿਪਾ ਕਰਕੇ ਮੇਰੇ ਬੱਚੇ ਦੀਆਂ ੬ ਪੂਛਾਂ ਕੱਟ ਦਿਉ। ਅਗਲੇ ਦਿਨ ਜਦੋਂ ਉਹ ਸਕੂਲ ਗਿਆ ਤਾਂ ਉਸਦੇ ਦੋਸਤ ਫਿਰ ਉਸਨੂੰ ਤੰਗ ਕਰਦੇ ਹੋਏ ਬੋਲੇ, ੬ ਤਾਂ ਚਲੀਆਂ ਗਈਆਂ ਪਰ ਇੱਕ ਪੂਛ ਅਜੇ ਵੀ ਬਾਕੀ ਹੈ। ਮਾਸੂਮ ਚੂਹੇ ਨੇ ਰੋਂਦਿਆਂ ਆਪਣੀ ਮਾਂ ਕੋਲ ਸ਼ਿਕਾਇਤ ਕੀਤੀ ਤੇ ਉਸਨੂੰ ਇੱਕ ਬਚੀ ਪੂਛ ਵੀ ਕਟਵਾਉਣ ਲਈ ਕਿਹਾ। ਉਹ ਦਰਜ਼ੀ ਕੋਲ ਗਿਆ ਤੇ ਰਹਿੰਦੀ ਇੱਕ ਪੂਛ ਵੀ ਕਟਵਾ ਦਿੱਤੀ। ਉਸਦੇ ਦੋਸਤ ਫਿਰ ਉਸਦਾ ਮਜ਼ਾਕ ਬਣਾਉਣ ਲੱਗੇ ਕਿ ਇਹ ਹੈ ਬਿਨਾਂ ਪੂਛ ਵਾਲਾ ਚੂਹਾ।

ਸਿੱਖਿਆ: ਫਾਲਤੂ ਗੱਲਾਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ।